**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਸੇਵਾ ਵਿਖੇ**

1. **ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ।**
2. **ਸਮੂਹ ਸਕੂਲ ਪ੍ਰਿੰਸੀਪਲ/ਮੁੱਖ ਅਧਿਆਕ/ਮੁਖੀ, ਪੰਜਾਬ।**
   **(ਵੈਬਸਾਈਟ ਰਾਹੀਂ)**

**ਮੀਮੋ ਨੰ.** 15/23-2017 **ਕੋ ਸ਼ਾਖਾ** (1)/2021106351

**ਮਿਤੀ .** 26/03/2021

**ਵਿਸ਼ਾ:** **ਬੈਂਕ ਤੋਂ ਲੋਨ ਲੈ ਕੇ ਡਿਫਾਲਟਰ ਹੋਏ ਕਰਮਚਾਰੀਆਂ ਤੋਂ ਰਿਕਵਰੀ ਕਰਨ ਸਬੰਧੀ।**

**1.0** ਉਪਰੋਕਤ ਵਿਸ਼ੇ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਬੈਂਕਾਂ ਤੋਂ ਲੋਨ ਲੈ ਕੇ ਕਿਸ਼ਤਾਂ ਦੀ ਨਿਯਮਤ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਲੋਨ ਦੀ ਰਿਕਵਰੀ ਕਰਨ ਲਈ ਉਨ੍ਹਾਂ ਦੀ ਸੇਵਾ ਮੁਕਤੀ ਸਮੇਂ ਮਿਲਣਯੋਗ ਪੈਨਸ਼ਨਰੀ ਲਾਭਾਂ ਤੇ ਰੋਕ ਲਗਾ ਦਿੱਤੀ ਜਾਂਦੀ ਹੈ। ਇਹ ਸਰਕਾਰੀ ਨਿਯਮਾਂ ਦੇ ਖਿਲਾਫ ਹੈ ਕਿਉਂਕਿ ਕਿਸੇ ਵੀ ਮੁਲਾਜਮ ਦੀ ਪੈਨਸ਼ਨ ਤੇ ਰੋਕ ਸਿਰਫ ਇਸ ਵਜ੍ਹਾ ਨਾਲ ਨਹੀਂ ਲਗਾਈ ਜਾ ਸਕਦੀ।

**2.0** ਉਕਤ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਬੈਂਕ ਤੋਂ ਕਿਸੇ ਕਿਸਮ ਦਾ ਲੋਨ ਲਿਆ ਹੋਇਆ ਹੈ ਤਾਂ ਸੇਵਾ ਮੁਕਤੀ ਸਮੇਂ ਉਸਨੂੰ ਮਿਲਣਯੋਗ ਪੈਨਸ਼ਨਰੀ ਲਾਭਾਂ ਸਬੰਧੀ ਹੋਣ ਵਾਲੀਆਂ ਅਦਾਇਗੀਆਂ ਤੇ ਰੋਕ ਨਾ ਲਗਾਈ ਜਾਵੇ ਕਿਉਂਕਿ ਇਹ ਮਾਮਲਾ ਸਬੰਧਤ ਮੁਲਾਜਮ ਅਤੇ ਬੈਂਕ ਦੇ ਵਿਚਕਾਰ ਹੈ।

ਇਸ ਤੋਂ ਇਲਾਵਾ ਅਧਿਕਾਰੀਆਂ/ਕਰਮਚਾਰੀਆਂ ਦੇ ਲੋਨ ਸਬੰਧੀ ਜੇਕਰ ਬੈਂਕਾਂ ਤੋਂ ਕੋਈ ਲਿਖਤੀ ਨੋਟਿਸ ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਈ ਮੇਲ dpise.coordination@punjabeducation.gov.in ਤੇ ਭੇਜਿਆ ਜਾਵੇ, ਤਾਂ ਜੋ ਸਬੰਧਤ ਬੈਂਕਾਂ ਨਾਲ ਤਾਲਮੇਲ ਕਰਕੇ ਉਸਦਾ ਨਿਪਟਾਰਾ ਕੀਤਾ ਜਾ ਸਕੇ।

**ਸਕੱਤਰ ਸਕੂਲ ਸਿੱਖਿਆ**
**ਪੰਜਾਬ**